# ਕੈਲੀਫੋਰਨੀਆ 'ਚ ਮਾਰਚ 2024 ਦੀਆਂ ਪ੍ਰਾਇਮਰੀ ਚੋਣਾਂ ਵਿੱਚ ਵੋਟ ਕਿਵੇਂ ਪਾਈਏ

## ਤਿਆਰ ਹੋ ਜਾਉ

ਜੇਕਰ ਤੁਸੀਂ ਵੋਟ ਪਾਉਣ ਲਈ ਪਹਿਲਾਂ ਤੋਂ ਹੀ ਰਜਿਸਟਰਡ ਹੋ, ਤਾਂ voterstatus.sos.ca.gov 'ਤੇ ਜਾਓ ਅਤੇ ਆਪਣੀ ਸਾਰੀ ਜਾਣਕਾਰੀ ਠੀਕ ਹੈ ਜਾਂ ਨਹੀਂ ਦੇਖ ਯਕੀਨੀ ਬਣਾਉ। ਜੇਕਰ ਤੁਸੀਂ ਰਜਿਸਟਰਡ ਨਹੀਂ ਹੋ, ਤਾਂ ਤੁਸੀਂ registertovote.ca.gov 'ਤੇ ਜਾ ਕੇ ਆਨਲਾਈਨ ਰਜਿਸਟਰ ਕਰ ਸਕਦੇ ਹੋ ਜਾਂ DMV (ਡੀ ਐੱਮ ਵੀ), ਡਾਕਘਰ, ਲਾਇਬ੍ਰੇਰੀ, ਜਾਂ ਆਪਣੇ ਕਾਉਂਟੀ ਚੋਣ ਦਫ਼ਤਰ ਤੋਂ ਫਾਰਮ ਪ੍ਰਾਪਤ ਕਰ ਸਕਦੇ ਹੋ। ਤੁਸੀਂ ਚੋਣ ਵਾਲੇ ਦਿਨ (ਮੰਗਲਵਾਰ, 5 ਮਾਰਚ) ਤੱਕ ਵੀ ਰਜਿਸਟਰ ਕਰ ਸਕਦੇ ਹੋ।

**ਜੇਕਰ ਤੁਸੀਂ 20 ਫਰਵਰੀ ਤੱਕ ਰਜਿਸਟਰਡ ਕੀਤਾ ਹੋਵੇਗਾ, ਤਾਂ ਤੁਹਾਨੂੰ ਡਾਕ ਰਾਹੀਂ ਆਪਣਾ ਬੈਲਟ ਪੇਪਰ ਪ੍ਰਾਪਤ ਹੋ ਜਾਵੇਗਾ।**

ਜੇਕਰ ਤੁਸੀਂ ਕਿਸੇ ਸਿਆਸੀ ਪਾਰਟੀ ਨਾਲ ਰਜਿਸਟਰਡ ਨਹੀਂ ਹੋ, ਤਾਂ ਤੁਹਾਡੀ ਬੈਲਟ ਪੇਪਰ 'ਤੇ ਰਾਸ਼ਟਰਪਤੀ ਅਹੁਦੇ ਦਾ ਉਮੀਦਵਾਰ ਨਹੀਂ ਹੋਵੇਗਾ। ਤੁਸੀਂ voterstatus.sos.gov 'ਤੇ ਆਪਣੀ ਵੋਟਰ ਰਜਿਸਟ੍ਰੇਸ਼ਨ ਸਥਿਤੀ ਦੀ ਜਾਂਚ ਕਰ ਸਕਦੇ ਹੋ। ਜੇਕਰ ਤੁਹਾਡੀ ਰਜਿਸਟ੍ਰੇਸ਼ਨ ਸਥਿਤੀ 'ਤੇ "ਕੋਈ ਪਾਰਟੀ ਤਰਜੀਹ ਨਹੀਂ" ਵਜੋਂ ਲਿਖਿਆ ਹੋਵੇਗਾ, ਤਾਂ ਤੁਹਾਨੂੰ ਜਾਂ ਤਾਂ:

- "ਕਰਾਸ-ਓਵਰ" ਬੈਲਟ ਪੇਪਰ ਦੀ ਬੇਨਤੀ ਕਰੋ ਜਾਂ ਕਿਸੇ ਰਾਜਨੀਤਿਕ ਪਾਰਟੀ (ਡੈਮੋਕਰੇਟਿਕ, ਲਿਬਰਟੇਰੀਅਨ, ਜਾਂ ਅਮਰੀਕਨ ਸੁਤੰਤਰ ਪਾਰਟੀ ਪ੍ਰਾਇਮਰੀਜ਼) ਨੂੰ ਵੋਟ ਪਾਉਣ ਲਈ ਦੁਬਾਰਾ ਰਜਿਸਟਰ ਕਰੋ।

- ਕਿਸੇ ਰਾਜਨੀਤਿਕ ਪਾਰਟੀ (ਰਿਪਬਲਿਕਨ, ਗ੍ਰੀਨ, ਜਾਂ ਪੀਸ ਐਂਡ ਫ੍ਰੀਡਮ ਪਾਰਟੀ ਪ੍ਰਾਇਮਰੀ ਨੂੰ ਵੋਟ ਪਾਉਣ ਲਈ) ਦੁਬਾਰਾ ਰਜਿਸਟਰ ਕਰੋ।

## ਵਿਕਲਪ 1 - ਡਾਕ ਦੁਆਰਾ ਵੋਟ ਕਰੋ

ਤੁਸੀਂ ਡਾਕ ਰਾਹੀਂ ਬੈਲਟ ਪੇਪਰ ਵਾਪਸ ਭੇਜ ਸਕਦੇ ਹੋ। ਡਾਕ ਪੋਸਟ ਕਰਨ ਦੀ ਲੋੜ ਨਹੀਂ! ਆਪਣਾ ਬੈਲਟ ਪੇਪਰ ਭਰੋ, ਉਸ ਨੂੰ ਮੁਹੱਈਆ ਕੀਤੇ ਲਿਫਾਫੇ ਵਿੱਚ ਪਾਉ, ਲਿਫਾਫੇ 'ਤੇ ਦਸਤਖਤ ਕਰੋ, ਤਾਰੀਖ ਲਿਖੋ ਅਤੇ ਸੀਲ ਕਰੋ। ਯਕੀਨੀ ਬਣਾਓ ਕਿ ਇਹ 5 ਮਾਰਚ ਨੂੰ ਦਿਨ ਦੇ ਖਤਮ ਹੋਣ ਤੋਂ ਪਹਿਲਾਂ ਭੇਜ ਦਿੱਤਾ ਗਿਆ ਹੋਵੇ।

## ਵਿਕਲਪ 2 - ਛੱਡ ਕੇ ਆਉਣਾ

ਤੁਸੀਂ ਆਪਣੇ ਕਾਉਂਟੀ ਚੋਣ ਦਫ਼ਤਰ ਜਾਂ ਕਿਸੇ ਵੀ ਵੋਟਿੰਗ ਸਥਾਨ 'ਤੇ ਆਪਣਾ ਬੈਲਟ ਪੇਪਰ ਛੱਡ ਕੇ ਆ ਸਕਦੇ ਹੋ। ਜ਼ਿਆਦਾਤਰ ਕਾਉਂਟੀਆਂ ਵਿੱਚ ਸੁਰੱਖਿਅਤ ਡਰਾਪ ਬਾਕਸ ਹੁੰਦੇ ਹਨ ਜੋ ਕਿ ਫਰਵਰੀ ਡੀ ਸ਼ੁਰੂਆਤ ਵਿੱਚ ਉਪਲਬਧ ਹੁੰਦੇ ਹਨ। ਤੁਸੀਂ caearlyvoting.sos.ca.gov 'ਤੇ ਡਰਾਪ ਬਾਕਸ ਬਾਰੇ ਦੇਖ ਸਕਦੇ ਹੋ।

## ਵਿਕਲਪ 3 - ਖੁਦ ਵੋਟ ਪਾ ਕੇ ਆਉਣਾ

ਚੋਣਾਂ ਦਾ ਦਿਨ **ਮੰਗਲਵਾਰ, 5 ਮਾਰਚ** ਹੈ। ਵੋਟਾਂ **ਸਵੇਰੇ 7 ਵਜੇ ਤੋਂ ਸ਼ਾਮ** 8 ਵਜੇ ਤੱਕ ਪੈਣਗੀਆਂ। ਤੁਸੀਂ sos.ca.gov/elections/polling-place 'ਤੇ ਆਪਣਾ ਪੋਲਿੰਗ ਸਥਾਨ ਦੇਖ ਸਕਦੇ ਹੋ।

ਕਈ ਕਾਉਂਟੀਆਂ **ਮੰਗਲਵਾਰ, 27 ਫਰਵਰੀ ਤੋਂ ਮੰਗਲਵਾਰ, 5 ਮਾਰਚ** ਤੱਕ ਵਿਅਕਤੀਗਤ ਤੌਰ 'ਤੇ ਵੋਟਿੰਗ ਦੀ ਪੇਸ਼ਕਸ਼ ਵੀ ਕਰਨਗੀਆਂ। ਆਪਣੇ ਸਥਾਨਕ ਚੋਣ ਦਫਤਰ ਨਾਲ ਸੰਪਰਕ ਕਰੋ ਜਾਂ caearlyvoting.sos.ca.gov 'ਤੇ ਵੋਟਿੰਗ ਸਥਾਨਾਂ ਨੂੰ ਦੇਖੋ। ਵਿਅਕਤੀਗਤ ਤੌਰ 'ਤੇ ਵੋਟਿੰਗ ਨੂੰ ਹੋਰ ਵੀ ਆਸਾਨ ਬਣਾਉਣ ਲਈ, ਤੁਸੀਂ ਡਾਕ ਰਾਹੀਂ ਪ੍ਰਾਪਤ ਹੋਏ ਬੈਲਟ ਪੇਪਰ ਨੂੰ ਆਪਣੇ ਵੋਟਿੰਗ ਸਥਾਨ 'ਤੇ ਲਿਆਓ।

ASIAN AMERICANS ADVANCING JUSTICE
ASIAN LAW CAUCUS